a2zpapers.com

Roll No. ..................

**72/C**

Total No. of Questions : 13]

[Total No. of Printed Pages : 4

**X**

**2038**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–B**

**(Morning Session)**

Time allowed : Three hours

Maximum marks : 65

**ਨੋਟ** : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **72/C** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(vi) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

(vii) ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਆਧਾਰਿਤ ਹੋਣੇ ਚਾਹੀਦੇ ਹਨ ।

**1. ਵਸਤੂਨਿਸ਼ਠ ਪ੍ਰਸ਼ਨ :**

(ੳ) "ਰਾਮ ਤੇ ਸ਼ਾਮ ਪੜ੍ਹ ਰਹੇ ਹਨ ।" ਵਾਕ ਵਿੱਚੋਂ ਯੋਜਕ ਚੁਣੋ । 1

(ਅ) ਆਥਣ ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ । 1

(ੲ) ਭਾਸ਼ਾ ਦੀ ਧੁਨੀ ਨੂੰ ਲਿਖਤੀ ਰੂਪ ਦੇਣ ਵਾਲ਼ੇ ਚਿੰਨ੍ਹ ਨੂੰ ਕੀ ਕਹਿੰਦੇ ਹਨ ? 1

(i) ਅੱਖਰ ਜਾਂ ਵਰਨ (ii) ਸ਼ਬਦ

(iii) ਨਾਂਵ (iv) ਕਿਰਿਆ

(ਸ) ਸਾਡੇ ਸੰਵਿਧਾਨ ਅਨੁਸਾਰ ਭਾਰਤ ਵਿਚ ਪ੍ਰਵਾਨਿਤ ਭਾਸ਼ਾਵਾਂ ਕਿੰਨੀਆਂ ਹਨ ? 1

(ਹ) ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? 1

(ਕ) ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ ? 1

(ਖ) "ਸਕੂਲ ਦੀ ਘੰਟੀ ਵੱਜ ਚੁੱਕੀ ਹੈ ।" ਵਾਕ ਕਿਹੜੇ ਕਾਲ ਨਾਲ਼ ਸੰਬੰਧਿਤ ਹੈ ? 1

(ਗ) "ਮੈਂ ਸਾਰੀ ਚਿੱਠੀ ਪੜ੍ਹ ਲਈ ਹੈ ।" ਇਸ ਵਾਕ ਦੀ ਕਿਰਿਆ ਇਕਹਿਰੀ ਹੈ ਜਾਂ ਸੰਯੁਕਤ ? 1

(ਘ) 'ੳ' ਨਾਲ਼ ਕਿਹੜੀ-ਕਿਹੜੀ ਲਗ ਲੱਗਦੀ ਹੈ ? 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਛ) ਉੱਤਮ ਪੁਰਖ ਚੁਣੋ : 1

(i) ਮੈਂ/ਅਸੀਂ/ਸਾਡਾ/ਸਾਡੇ (ii) ਤੂੰ/ਤੁਸੀਂ

(iii) ਉਹ (iv) ਆਹ

10×1=10

2. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਵਰਨ ਜਾਂ ਅੱਖਰ ਕਿਸ ਨੂੰ ਆਖਦੇ ਹਨ ? 1

(ਅ) ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ? 1

3. (ੳ) ਪੜਨਾਂਵ ਜਾਂ ਵਿਸਮਿਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ । 2

(ਅ) ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ । 2

4. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿੱਖਤ-ਕਾਲ ਵਿਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿਚ ਲਿਖੋ :

ਮੁੱਖ ਅਧਿਆਪਕ ਜੀ ਭਾਸ਼ਨ ਦੇ ਰਹੇ ਹਨ । 1+1=2

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ :

(ੳ) ਡਾ. ਰਬਿੰਦਰ ਨਾਥ ਟੈਗੋਰ (ਅ) ਪੰਜਾਬ ਦੀਆਂ ਖੇਡਾਂ

(ੲ) ਬੇਰੁਜ਼ਗਾਰੀ (ਸ) ਇੰਟਰਨੈੱਟ

(ਹ) ਕਿਸੇ ਇਤਿਹਾਸਿਕ ਸਥਾਨ ਦੀ ਯਾਤਰਾ । 10

6. ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਪੰਜਾਬੀ ਸੱਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸੱਭਿਆਚਾਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁਝ ਲੋਕ ਕਹਿੰਦੇ ਹਨ । ਇਹ ਤਾਂ ਬਹੁਤ ਚੇਤਨ, ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ । ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰ ਤੋਂ ਖਿਸਕਿਆ ਹੋਇਆ ਹੈ । ਇਸੇ ਕਰਕੇ ਉਹ ਇਸ ਪ੍ਰਤਿ ਚੇਤਨ ਅਤੇ ਵਫ਼ਾਦਾਰ ਨਹੀਂ ਹੈ । ਪੰਜ ਨਦੀਆਂ ਦਾ ਦੇਸ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ, ਜਿਨ੍ਹਾਂ ਨਾਲ਼ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ । ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮੱਰਥਾ ਇਸ ਦੇ ਸੱਭਿਆਚਾਰ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ । ਪੰਜਾਬੀ ਸੱਭਿਆਚਾਰ 'ਚ ਭਾਈ ਘਨੱਈਆ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ । ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ, ਉਸ ਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ । ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ । ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲ਼ਾ ਪੱਖ ਹੀ ਉਸਾਰਦੇ ਹਨ । ਸੋ ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤਿ ਚੇਤਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ । 5+1=6



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :

(ੳ) ਉੱਚਾ ਨੀਵਾਂ ਬੋਲਣਾ 2

(ਅ) ਅੱਖੋਂ ਓਹਲੇ ਕਰਨਾ 2

(ੲ) ਸਿਰ 'ਤੇ ਹੱਥ ਰੱਖਣਾ 2

(ਸ) ਕੱਖਾਂ ਤੋਂ ਹੌਲ਼ਾ ਹੋਣਾ 2

(ਹ) ਚਾਰ ਚੰਨ ਲੱਗ ਜਾਣਾ 2

(ਕ) ਜੜ੍ਹੀਂ ਤੇਲ ਦੇਣਾ 2

(ਖ) ਟੰਗ ਅੜਾਉਣਾ 2

(ਗ) ਦਾਲ ਵਿਚ ਕੁਝ ਕਾਲ਼ਾ ਹੋਣਾ 2

(ਘ) ਪੱਗ ਨੂੰ ਹੱਥ ਪਾਉਣਾ 2

(ਙ) ਮੂੰਹ ਨਾ ਲਾਉਣਾ । 2

5×2=10

8. (ੳ) 'ਹਾਰ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ । 1

(ਅ) 'ਸੜੀਅਲ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ । 1

(ੲ) "ਜਿਸ ਨੂੰ ਕਿਸੇ ਚੀਜ਼ ਦਾ ਤਜ਼ਰਬਾ ਨਾ ਹੋਵੇ" ਲਈ ਇੱਕ ਢੁਕਵਾਂ ਸ਼ਬਦ ਲਿਖੋ । 1

1+1+1=3

9. ਵਿਸਰਾਮ ਚਿੰਨ੍ਹ ਲਾ ਕੇ ਦੁਬਾਰਾ ਲਿਖੋ :

ਵਿਦਿਆਰਥੀਓ ਜਿਵੇਂ ਕਿ ਮੈਂ ਪਹਿਲਾਂ ਵੀ ਕਈ ਵਾਰ ਕਿਹਾ ਹੈ ਸਖ਼ਤ ਮਿਹਨਤ ਚੰਗੇ ਆਚਰਨ ਦੀ ਬੁਨਿਆਦ ਬਣਦੀ ਹੈ 2

10. ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿਚ ਬਰਾਬਰ ਦਿਲਚਸਪੀ ਲਵੇ ।

2+4+1=7

ਜਾਂ

ਤੁਹਾਡੇ ਸ਼ਹਿਰ ਵਿੱਚ ਬੱਚਿਆਂ ਦੇ ਚੁੱਕੇ ਜਾਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ । ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਸ ਸੰਬੰਧੀ ਪੱਤਰ ਲਿਖੋ, ਤਾਂ ਜੋ ਲੋਕ ਸੁਚੇਤ ਹੋ ਜਾਣ ਤੇ ਸਰਕਾਰ ਇਸ ਸੰਬੰਧੀ ਤੁਰੰਤ ਕਾਰਵਾਈ ਕਰੇ ।

2+4+1=7

11. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਇੱਕ ਵਾਰੀ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਟੀ. ਆਰ. ਸ਼ਰਮਾ ਪੰਜ ਹੋਰ ਅਧਿਆਪਕਾਂ ਨਾਲ਼ ਤਾਰਾ ਦੇਵੀ ਵਿਖੇ ਸਕਾਊਟਿੰਗ ਦਾ ਕੋਰਸ ਕਰਨ ਜਾ ਰਹੇ ਸਨ । ਰਸਤੇ ਵਿੱਚ ਉਹਨਾਂ ਦੀ ਮੁਲਾਕਾਤ ਡਾਕਟਰ ਰਾਧਾ ਕ੍ਰਿਸ਼ਨਨ ਨਾਲ਼ ਕਾਲਕਾ ਰੇਲਵੇ ਸਟੇਸ਼ਨ 'ਤੇ ਹੋ ਗਈ । ਉਹਨਾਂ ਦਿਨਾਂ ਵਿੱਚ ਉਹ ਉਪਰਾਸ਼ਟਰਪਤੀ ਸਨ । ਉਹਨਾਂ ਦੀ ਚੇਅਰ-ਕਾਰ, ਜਿਸ ਵਿੱਚ ਬੈਠ ਕੇ ਉਹਨਾਂ ਸ਼ਿਮਲੇ ਜਾਣਾ ਸੀ, ਤਕਨੀਕੀ ਖ਼ਰਾਬੀ ਕਰਕੇ ਕੁਝ ਦੇਰੀ ਨਾਲ਼ ਜਾਣੀ ਸੀ । ਸ੍ਰੀ ਰਾਧਾ



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



ਕ੍ਰਿਸ਼ਨਨ ਇਕੱਲੇ ਹੀ ਪਲੇਟਫ਼ਾਰਮ 'ਤੇ ਖੜ੍ਹੇ ਸਨ । ਉਹਨਾਂ ਕੋਲੋਂ ਪੁੱਛ ਕੇ ਸਾਰੇ ਅਧਿਆਪਕ ਉਹਨਾਂ ਕੋਲ ਚਲੇ ਗਏ । ਉਹਨਾਂ ਦੇ ਪੁੱਛਣ 'ਤੇ ਸਾਰੇ ਅਧਿਆਪਕਾਂ ਨੇ ਕਿਹਾ ਕਿ ਉਹ ਪੜ੍ਹਾਉਂਦੇ ਹਨ । ਉਹਨਾਂ ਮਜ਼ਾਕ ਨਾਲ਼ ਉਹਨਾਂ ਨੂੰ ਕਿਹਾ । ਤੁਸੀਂ ਪੜ੍ਹਾਉਂਦੇ ਹੋ ਪਰ ਮੈਂ ਅਜੇ ਸਿੱਖਦਾ ਹੀ ਹਾਂ, ਪੜ੍ਹਦਾ ਹੀ ਹਾਂ । ਇੱਕ ਅਧਿਆਪਕ ਨੇ ਕਿਹਾ-ਜੀ, ਗ਼ਰੀਬੀ ਲਾਹਨਤ ਹੈ, ਮੈਂ ਕੇਵਲ ਜੇ.ਬੀ.ਟੀ. ਹੀ ਕਰ ਸਕਿਆ ਹਾਂ, ਗ਼ਰੀਬੀ ਨੇ ਮੈਨੂੰ ਅੱਗੇ ਨਹੀਂ ਪੜ੍ਹਨ ਦਿੱਤਾ । ਉਹਨਾ ਨੇ ਆਪਣੀ ਇੱਕ ਕਹਾਣੀ ਸੁਣਾਉਂਦਿਆਂ ਕਿਹਾ, "ਮੇਰੀ ਮਾਂ ਨੇ ਇੱਕ ਦਿਨ ਮੈਨੂੰ ਕਿਹਾ, ਬੇਟਾ ਕ੍ਰਿਸ਼ਨਨ, ਮੈਂ ਚਾਵਲ ਬਣਾ ਦਿੱਤੇ ਹਨ ਤੇ ਦਾਲ਼ ਵੀ, ਪਰ ਸਾਡੇ ਘਰ ਅੱਜ ਪੰਜ ਪੈਸੇ ਵੀ ਨਹੀਂ ਹਨ, ਜਿਨ੍ਹਾਂ ਨਾਲ਼ ਮੈਂ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦ ਸਕਾਂ ।" ਇਹ ਕਹਿੰਦਿਆਂ ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕਣ ਲੱਗ ਪਏ । ਉਦੋਂ ਬਾਲ ਰਾਧਾ ਕ੍ਰਿਸ਼ਨਨ ਨੇ ਬਾਲਟੀ ਪਾਣੀ ਦੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਚੰਗੀ ਤਰ੍ਹਾਂ ਸਾਫ਼ ਕੀਤਾ ਤੇ ਮਾਂ ਨੂੰ ਕਿਹਾ ਕਿ ਉਹ ਫ਼ਰਸ਼ ਉੱਤੇ ਹੀ ਚਾਵਲ ਪਰੋਸ ਦੇਣ । ਮਾਂ ਸੱਤ ਦਿਨ ਲਗਾਤਾਰ ਇਸ ਤਰ੍ਹਾਂ ਹੀ ਕਰਦੀ ਰਹੀ । ਡਾਕਟਰ ਸਾਹਿਬ ਨੇ ਸਮਝਾਇਆ ਕਿ ਗ਼ਰੀਬੀ ਵੱਲੋਂ ਸਿਖਾਏ ਸਬਕ ਮਿੱਠੇ ਅਤੇ ਲਾਹੇਵੰਦ ਹੁੰਦੇ ਹਨ । ਜਿਸ ਗ਼ਰੀਬੀ ਨੂੰ ਉਹ ਲਾਹਨਤ ਕਹਿੰਦੇ ਹਨ, ਉਸ ਨੂੰ ਸਖ਼ਤ ਮਿਹਨਤ ਕਰਕੇ ਵਿਦਵਾਨ ਵੀ ਬਣਾਇਆ ਜਾ ਸਕਦਾ ਹੈ ।

ਪ੍ਰਸ਼ਨ :

(ੳ) ਅਧਿਆਪਕਾਂ ਨੇ ਤਾਰਾ ਦੇਵੀ ਕੀ ਕਰਨ ਜਾਣਾ ਸੀ ? 1

(ਅ) ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਕੀ ਕੀਤਾ ? 1

(ੲ) ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਉਂ ਟਪਕਣ ਲੱਗੇ ? 1

(ਸ) ਗ਼ਰੀਬੀ ਨੂੰ ਵਰਦਾਨ ਕਿਵੇਂ ਬਣਾਇਆ ਜਾ ਸਕਦਾ ਹੈ ? 1

1+1+1+1=4

**12.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(ੳ) ਵਿਆਕਰਨ ਕਿਸ ਨੂੰ ਆਖਦੇ ਹਨ ? ਵਿਆਕਰਨ ਦੀ ਪਰਿਭਾਸ਼ਾ ਲਿਖੋ । 1

(ਅ) ਬੋਲੀ (ਭਾਸ਼ਾ) ਕਿਸ ਨੂੰ ਆਖਦੇ ਹਨ ? ਇਸ ਦੀ ਪਰਿਭਾਸ਼ਾ ਲਿਖੋ । 1

(ੲ) ਨਾਸਿਕੀ ਵਿਅੰਜਨ ਕਿਸ ਨੂੰ ਕਹਿੰਦੇ ਹਨ ? ਪੰਜਾਬੀ ਦੇ ਨਾਸਿਕੀ ਵਿਅੰਜਨ ਲਿਖੋ । 1

1+1+1=3

**13.** ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :

ਚੰਗੀਆਂ ਵਿਦਿਆਰਥਣਾਂ ਲਗਨ ਨਾਲ਼ ਪੜ੍ਹਦੀਆਂ ਹਨ । 1+1=2



www.a2zpapers.com
www.a2zpapers.com
Download free old Question papers gndu, ptu hp board, punjab board